# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ:
# ਸੈਕਸ ਵਿਤਕਰਾ ਅਤੇ ਕਾਮੁਕ ਪਰੇਸ਼ਾਨੀ

ਇਹ ਤੱਥ ਸ਼ੀਟ ਬੀ ਸੀ ਵਿਚ ਸੈਕਸ ਵਿਤਕਰੇ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ 'ਤੇ ਦਿੱਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। *ਕੋਡ* ਤੁਹਾਡੇ ਸੈਕਸ ਜਾਂ ਤੁਹਾਡੀ ਲਿੰਗਕ ਪਛਾਣ ਕਰਕੇ ਤੁਹਾਡੇ ਨਾਲ ਕੀਤੇ ਜਾਣ ਵਾਲੇ ਬੁਰੇ ਵਰਤਾਉ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੇ ਜਾਣ ਤੋਂ ਤੁਹਾਡੀ ਰੱਖਿਆ ਕਰਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਇਹ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਸ਼ਿਕਾਇਤ ਕਰਨ ਦੀ ਆਗਿਆ ਦਿੰਦਾ ਹੈ।

ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ, ਜਾਂ ਸ਼ਿਕਾਇਤ ਕਰਨ ਬਾਰੇ ਸੋਚ ਰਹੇ ਹੋ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਵਿਚ ਸ਼ਾਮਲ ਹੋ ਤਾਂ *ਕੋਡ* **ਬਦਲਾ** ਲਏ ਜਾਣ ਤੋਂ ਵੀ ਤੁਹਾਡੀ ਰੱਖਿਆ ਕਰਦਾ ਹੈ। ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਨੂੰ ਸਬਕ ਸਿਖਾਉਂਦਾ ਹੈ ਤਾਂ ਇਹ **ਬਦਲਾ** ਹੈ।

## ✱ ਸੈਕਸ ਵਿਤਕਰਾ ਕੀ ਹੈ?

ਸੈਕਸ ਵਿਤਕਰੇ ਵਿਚ ਲਿੰਗ, ਗਰਭ, ਅਤੇ ਕਾਮੁਕ ਪਰੇਸ਼ਾਨੀ ਸ਼ਾਮਲ ਹਨ। ਇਸ ਦਾ ਮਤਲਬ ਹੈ ਕਿ ਕਿਸੇ ਨਾਲ ਇਸ ਕਰਕੇ ਬੁਰਾ ਵਰਤਾਉ ਕਰਨਾ ਜਾਂ ਕੋਈ ਫਾਇਦਾ ਦੇਣ ਤੋਂ ਨਾਂਹ ਕਰਨਾ ਕਿਉਂਕਿ ਉਹ ਮਰਦ, ਔਰਤ, ਦੁਲਿੰਗੀ (ਇੰਟਰਸੈਕਸ), ਟ੍ਰਾਂਸਜੈਂਡਰ ਹੈ ਜਾਂ ਕਿਸੇ ਦੀ ਲਿੰਗਕ ਪਛਾਣ ਕਾਰਨ ਬੁਰਾ ਵਰਤਾਉ ਕਰਨਾ ਜਾਂ ਉਸ ਨੂੰ ਕੋਈ ਫਾਇਦਾ ਦੇਣ ਤੋਂ ਨਾਂਹ ਕਰਨਾ।

ਸੈਕਸ ਵਿਤਕਰਾ ਕਈ ਤਰੀਕਿਆਂ ਨਾਲ ਹੋ ਸਕਦਾ ਹੈ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਤੁਹਾਨੂੰ ਸੈਕਸਿਸਟ ਨਾਂਵਾਂ ਨਾਲ ਬੁਲਾਇਆ ਜਾਂ ਰਿਹਾ ਹੈ।
- ਤੁਹਾਨੂੰ ਕੋਈ ਸਰਵਿਸ ਦੇਣ ਤੋਂ ਨਾਂਹ ਕੀਤੀ ਗਈ ਹੈ।
- ਤੁਹਾਨੂੰ ਕੰਮ 'ਤੇ ਨਹੀਂ ਰੱਖਿਆ ਗਿਆ ਜਾਂ ਤਰੱਕੀ ਨਹੀਂ ਦਿੱਤੀ ਗਈ ਜਦ ਕਿ ਤੁਹਾਡੇ ਦੁਆਲੇ ਦੇ ਹੋਰਨਾਂ ਨੂੰ ਇਹ ਦਿੱਤੀ ਗਈ ਹੈ।
- ਤੁਹਾਨੂੰ ਧਮਕੀ ਦਿੱਤੀ ਗਈ ਹੈ।
- ਤੁਹਾਨੂੰ ਕੰਮ ਤੋਂ ਕੱਢਿਆ ਗਿਆ ਹੈ।

### ਗਰਭਵਤੀ ਅਤੇ ਦੁੱਧ ਚੁੰਘਾਉਂਦੀਆਂ ਔਰਤਾਂ

ਕਿਸੇ ਔਰਤ ਨਾਲ ਇਸ ਕਰਕੇ ਵਿਤਕਰਾ ਕਰਨਾ ਕਾਨੂੰਨ ਦੇ ਵਿਰੁੱਧ ਹੈ ਕਿਉਂਕਿ ਉਹ ਗਰਭਵਤੀ ਹੋ ਸਕਦੀ ਹੈ, ਗਰਭਵਤੀ ਹੈ, ਜਾਂ ਉਸ ਕੋਲ ਬੇਬੀ ਹੈ।

ਦੁੱਧ ਚੁੰਘਾ ਰਹੀਆਂ ਔਰਤਾਂ ਨੂੰ ਆਪਣੇ ਬੱਚਿਆਂ ਨੂੰ ਪਬਲਿਕ ਏਰੀਏ ਵਿਚ ਦੁੱਧ ਚੁੰਘਾਉਣ ਦਾ ਹੱਕ ਹੈ। ਉਸ ਨੂੰ ਢਕਣ ਲਈ ਕਹਿਣਾ ਜਾਂ ਕਿਤੇ ਹੋਰ ਜਾ ਕੇ ਦੁੱਧ ਚੁੰਘਾਉਣ ਲਈ ਕਹਿਣਾ ਵਿਤਕਰੇ ਵਾਲਾ ਹੈ।

## ✱ ਕਾਮੁਕ ਪਰੇਸ਼ਾਨੀ ਕੀ ਹੈ?

ਕਾਮੁਕ ਪਰੇਸ਼ਾਨੀ (ਸੈਕਸੂਅਲ ਹੈਰਾਸਮੈਂਟ) ਸੈਕਸ ਵਿਤਕਰੇ ਦਾ ਇਕ ਰੂਪ ਹੈ। ਇਹ ਕਾਮੁਕ ਪਰੇਸ਼ਾਨੀ ਹੈ ਜੇ ਕੋਈ ਵਾਰ ਵਾਰ ਤੁਹਾਨੂੰ ਕੁਝ ਅਜਿਹਾ ਕਹਿੰਦਾ ਹੈ ਜਾਂ ਅਜਿਹਾ ਕਰਦਾ ਹੈ ਜਿਹੜਾ ਅਪਮਾਨ ਕਰਨ ਵਾਲਾ ਅਤੇ ਵਧੀਕੀ ਵਾਲਾ ਹੈ। ਇਹ ਅਜਿਹੇ ਸ਼ਬਦ ਜਾਂ ਐਕਸ਼ਨ ਹੋ ਸਕਦੇ ਹਨ ਜਿਹੜੇ ਸੈਕਸ ਜਾਂ ਲਿੰਗ ਨਾਲ ਸੰਬੰਧਿਤ ਹਨ।

### ਕਾਮੁਕ ਪਰੇਸ਼ਾਨੀ ਦੀਆਂ ਕਈ ਕਿਸਮਾਂ ਹਨ:

- ਅਣਚਾਹੀ ਛੋਹ
- ਔਰਤਾਂ ਜਾਂ ਮਰਦਾਂ ਬਾਰੇ ਅਪਮਾਨ ਕਰਨ ਵਾਲੇ ਚੁਟਕਲੇ ਸੁਣਾਉਣਾ ਜਾਂ ਟਿੱਪਣੀਆਂ ਕਰਨਾ
- ਕਾਮੁਕ ਬੇਨਤੀਆਂ ਕਰਨਾ ਜਾਂ ਸੁਝਾਅ ਦੇਣਾ
- ਝਾਕਣਾ ਜਾਂ ਕਿਸੇ ਦੇ ਸਰੀਰ ਬਾਰੇ ਅਣਚਾਹੀਆਂ ਟਿੱਪਣੀਆਂ ਕਰਨਾ
- ਕਾਮੁਕ ਤਸਵੀਰਾਂ ਜਾਂ ਚਿੱਤਰ ਦਿਖਾਉਣਾ
- ਲਿੰਗ ਕਰਕੇ ਕਿਸੇ ਨਾਲ ਬਦਤਮੀਜ਼ੀ ਕਰਨਾ

ਪਰੇਸ਼ਾਨ ਕਰਨਾ ਸੈਕਸ ਵਿਤਕਰਾ ਹੋ ਸਕਦਾ ਹੈ ਭਾਵੇਂ ਇਸ ਦੀ ਕਿਸਮ ਕਾਮੁਕ ਨਾ ਹੋਵੇ। ਇਹ ਹੋ ਸਕਦਾ ਹੈ ਜਦੋਂ ਤੁਹਾਨੂੰ ਕੋਈ ਤੁਹਾਡੇ ਲਿੰਗ (ਜੈਂਡਰ) ਕਰਕੇ ਪਰੇਸ਼ਾਨ ਕਰਦਾ ਹੈ। ਕਾਮੁਕ ਪਰੇਸ਼ਾਨੀ ਜ਼ਿਆਦਾ ਵਾਰੀ ਔਰਤਾਂ ਨਾਲ ਵਾਪਰਦੀ ਹੈ, ਪਰ ਇਹ ਮਰਦਾਂ ਨਾਲ ਵੀ ਵਾਪਰ ਸਕਦੀ ਹੈ ਜਾਂ ਇੱਕੋ ਸੈਕਸ ਦੇ ਮੈਂਬਰਾਂ ਵਿਚਕਾਰ ਵੀ ਵਾਪਰ ਸਕਦੀ ਹੈ।

## ✱ ਕਾਮੁਕ ਪਰੇਸ਼ਾਨੀ ਅਤੇ ਤਾਕਤ

ਕਾਮੁਕ ਪਰੇਸ਼ਾਨੀ ਤਾਕਤ ਦੀ ਦੁਰਵਰਤੋਂ ਸਮਝੀ ਜਾਂਦੀ ਹੈ। ਪਰ ਇਸ ਦੇ ਵਾਪਰਨ ਲਈ ਤਾਕਤ ਦੇ ਅਸੰਤੁਲਨ ਦਾ ਹੋਣਾ ਜ਼ਰੂਰੀ

ਨਹੀਂ ਹੈ। ਉਦਾਹਰਣ ਲਈ, ਕੋਈ ਵਰਕਰ ਸਾਥੀ ਵਰਕਰ ਨੂੰ ਪਰੇਸ਼ਾਨ ਕਰ ਸਕਦਾ ਹੈ, ਜਾਂ ਕੋਈ ਵਿਦਿਆਰਥੀ ਕਿਸੇ ਜਮਾਤੀ ਨੂੰ ਪਰੇਸ਼ਾਨ ਕਰ ਸਕਦਾ ਹੈ। ਕਾਮੁਕ ਪਰੇਸ਼ਾਨੀ ਸਮਝੇ ਜਾਣ ਲਈ ਇਹ ਬੌਸ, ਸੁਪਰਵਾਈਜ਼ਰ ਜਾਂ ਟੀਚਰ ਵਲੋਂ ਕੀਤੀ ਜਾਣੀ ਜ਼ਰੂਰੀ ਨਹੀਂ ਹੈ। ਕਾਮੁਕ ਪਰੇਸ਼ਾਨੀ ਵਿਚ ਕਿਸੇ ਗਾਹਕ ਜਾਂ ਕਲਾਇੰਟ ਵਲੋਂ ਕੀਤਾ ਗਿਆ ਵਰਤਾਉ ਵੀ ਸ਼ਾਮਲ ਹੋ ਸਕਦੇ ਹਨ।

## ✱ ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਸ਼ਿਕਾਇਤ ਕਰਨ ਲਈ, **ਅੱਗੇ ਲਿਖੇ ਸਾਰਿਆਂ** ਦਾ ਸੱਚ ਹੋਣਾ ਜ਼ਰੂਰੀ ਹੈ:

- ✔ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੀ ਗਈ ਹੈ।
- ✔ ਤੁਹਾਡੇ ਨਾਲ ਵਰਤਾਉ ਕਰਨ ਦੇ ਤਰੀਕੇ (ਮਾੜੀ ਤਰ੍ਹਾਂ ਦਾ ਵਰਤਾਅ ਜਾਂ ਕਿਸੇ ਫਾਇਦੇ ਤੋਂ ਨਾਂਹ) ਅਤੇ ਤੁਹਾਡੇ ਲਿੰਗ (ਜੈਂਡਰ) ਵਿਚਕਾਰ ਸੰਬੰਧ ਹੈ।
- ✔ ਇਹ ਵਰਤਾਉ ਅੱਗੇ ਦਿੱਤੀ ਕਿਸੇ ਹਾਲਤ ਵਿਚ ਹੋਇਆ ਹੈ ਜਿਵੇਂ ਕਿ ਕੰਮ 'ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।

ਬੀ ਸੀ ਵਿਚ ਮਨੁੱਖੀ ਹੱਕਾਂ ਬਾਰੇ ਸੰਖੇਪ ਜਾਣਨ ਲਈ ਕਿਰਪਾ ਕਰਕੇ ਤੱਥ ਸ਼ੀਟ ***ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਤੁਹਾਨੂੰ ਕੀ ਜਾਣਨ ਦੀ ਲੋੜ ਹੈ*** ਦੇਖੋ।

## ✱ ਮੈਂ ਮਦਦ ਕਿੱਥੋਂ ਲੈ ਸਕਦੀ/ਸਕਦਾ ਹਾਂ?

**ਸ਼ਿਕਾਇਤਕਰਤਾ** ਸੂਬੇ ਭਰ ਵਿਚ ਕਿਤਿਉਂ ਵੀ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹਨ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

### BC Human Rights Clinic

300-1140 West Pender Street, Vancouver, B.C. V6E 4G1
ਟੈਲੀਫੋਨ: 604 622-1100 ਟੋਲ ਫਰੀ: 1 855 685-6222
ਫੈਕਸ: 604 685-7611
ਔਨਲਾਈਨ: www.BCHRC.net

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

### University of Victoria

Law Centre Clinical Law Program
Suite 225 – 850 Burdett Avenue, Victoria, B.C. V8W 1B4
ਟੈਲੀਫੋਨ: 250 385-1221 ਟੋਲ ਫਰੀ: 1 866 385-1221
ਈ-ਮੇਲ: reception@thelawcentre.ca

ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਭੇਜਿਆ ਜਾ ਸਕਦਾ ਹੈ।

### BC Human Rights Tribunal

Suite 1170 – 605 Robson Street, Vancouver, B.C. V6B 5J3
ਟੈਲੀਫੋਨ: 604 775-2000 ਟੋਲ ਫਰੀ: 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਔਨਲਾਈਨ: www.bchrt.gov.bc.ca

*ਇਸ ਜਾਣਕਾਰੀ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦਾ ਬਦਲ ਬਣਨਾ ਨਹੀਂ ਹੈ।*